Alberta

ਨਿਊਜ਼ ਰਿਲੀਜ਼

# ਭਵਿੱਖ ਵਾਸਤੇ ਕਾਂਟੀਨਿਊਇੰਗ ਕੇਅਰ ਨੂੰ ਮਜ਼ਬੂਤ ਕਰਨਾਂ

30 ਜਨਵਰੀ 2025 ਮੀਡੀਆ ਇੰਨਕੁਆਰੀਆਂ

## ਹੈਲਥ ਰੀਫੋਕਸਿੰਗ ਦੇ ਇਕ ਭਾਗ ਵਜੋਂ ਐਲਬਰਟਾ ਸਰਕਾਰ ਅਸਿਸਟਡ ਲਿਵਿੰਗ ਐਲਬਰਟਾ ਦੀ ਸਥਾਪਨਾ ਕਰਦਿਆਂ ਅਗਾਂਹ ਵਧ ਰਹੀ ਹੈ ਜਿਹੜੀ ਕਾਂਟੀਨਿਊਇੰਗ ਕੇਅਰ (ਲਗਾਤਾਰ ਸਾਂਭ-ਸੰਭਾਲ) ਵਾਸਤੇ ਇਕ ਸੂਬਾਈ ਏਜੰਸੀ ਹੈ।

2046 ਤੱਕ, ਪੰਜਾਂ ਵਿਚੋਂ ਇਕ ਐਲਬਰਟਾ ਨਿਵਾਸੀ 65 ਸਾਲ ਜਾਂ ਇਸ ਤੋਂ ਵੱਡੀ ਉਮਰ ਦਾ ਹੋਵੇਗਾ। ਜਦੋਂ ਜਦੋਂ ਉਨ੍ਹਾਂ ਦੀਆਂ ਲੋੜਾਂ ਪੈਦਾ ਹੁੰਦੀਆਂ ਹਨ, ਇਹ ਮਹੱਤਵਪੂਰਨ ਹੈ ਕਿ ਵੱਡੀ ਉਮਰ ਦੇ ਬਾਲਗ ਅਤੇ ਕਮਜ਼ੋਰ ਸਿਹਤ ਵਾਲੀ ਵੱਸੋਂ ਕੋਲ ਆਪਣੇ ਜੀਵਨ ਦੀ ਕੁਆਲਿਟੀ ਅਤੇ ਆਜ਼ਾਦਾਨਾਂ ਢੰਗ ਨਾਲ ਰਹਿਣ ਸਹਿਣ ਨੂੰ ਬਣਾਈ ਰੱਖਣ ਲਈ ਉਸ ਪ੍ਰਕਾਰ ਦੀ ਸਹਾਇਤਾ ਤੱਕ ਪਹੁੰਚ ਹੋਵੇ, ਜਿਸ ਦੀ ਉਨ੍ਹਾ ਨੂੰ ਲੋੜ ਹੈ, ਤਾਂ ਕਿ ਉਹ ਮਾਣ-ਸਤਿਕਾਰ ਸਹਿਤ ਬੁੱਢੇ ਹੋ ਸਕਣ। ਆਉਂਦੇ 10 ਸਾਲਾਂ ਦੌਰਾਨ ਐਲਬਰਟਾ 'ਚ ਲਗਾਤਾਰੀ ਸਾਂਭ-ਸੰਭਾਲ ਦੇ 80 ਪ੍ਰਤਿਸ਼ਤ ਵਧ ਜਾਣ ਦਾ ਅਨੁਮਾਨ ਹੈ, ਇਹ ਇਸ ਤੋਂ ਵੱਧ ਤੇਜ਼ੀ ਨਾਲ ਵਧ ਰਹੀ ਹੈ ਕਿਉਂਕਿ ਲੋਕ ਲੰਮੇਰਾ ਸਮਾਂ ਅਤੇ ਵਧੇਰੇ ਗੁੰਝਲਦਾਰ ਕਿਸਮ ਦੀਆਂ ਲੋੜਾਂ ਸਹਿਤ ਜਿਊਂਦੇ ਹਨ।

ਐਲਬਰਟਾ ਸਰਕਾਰ ਸੂਬੇ ਦੇ ਹੈਲ਼ਥ ਰੀਫੋਕਸਿੰਗ ਪ੍ਰੋਗਰਾਮ ਦੇ ਇਕ ਭਾਗ ਵਜੋਂ - ਇਕ ਨਵੀਂ ਕਾਂਟੀਨਿਊਇੰਗ ਕੇਅਰ ਏਜੰਸੀ - ਅਸਿਸਟਡ ਲਿਵਿੰਗ ਐਲਬਰਟਾ ਦੀ ਸਥਾਪਨਾਂ ਕਰ ਰਹੀ ਹੈ। ਇਹ ਯਕੀਨੀ ਬਣਾਵੇਗੀ ਕਿ ਐਲਬਰਟਾ ਭਵਿੱਖ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ ਚੰਗੀ ਸਥਿਤੀ 'ਚ ਹੈ, ਜਿੰਨ੍ਹਾਂ ਦੀ ਐਲਬਰਟਾ ਦੀ ਵਧ ਰਹੀ ਅਤੇ ਬੁੱਢੀ ਹੋ ਰਹੀ, ਦੋਹਾਂ ਤਰ੍ਹਾਂ ਦੀ ਵੱਸੋਂ ਵਾਸਤੇ ਆਸ ਕੀਤੀ ਜਾਂਦੀ ਹੈ। ਅਸਿਸਟਡ ਲਿਵਿੰਗ ਐਲਬਰਟਾ ਐਲਬਰਟਾ ਵਾਸੀਆਂ ਨੂੰ ਕਾਂਟੀਨਿਊਇੰਗ ਕੇਅਰ/ਲਗਾਤਾਰ ਸਾਂਭ-ਸੰਭਾਲ ਦੇ ਇਕ ਵਿਸਤ੍ਰਿਤ ਪ੍ਰਬੰਧ ਤੱਕ ਪਹੁੰਚ ਪ੍ਰਦਾਨ ਕਰੇਗੀ ਜਿਹੜਾ ਮੈਡੀਕਲ ਅਤੇ ਗੈਰ-ਮੈਡੀਕਲ ਸਹਾਇਤਾ, ਹੋਮ ਕੇਅਰ/ਘਰ 'ਚ ਸਾਂਭ-ਸੰਭਾਲ, ਕਮਿਊਨਿਟੀ ਕੇਅਰ ਅਤੇ ਸਮਾਜਿਕ ਸੇਵਾਵਾਂ ਸਮੇਤ ਸਭ ਪ੍ਰਕਾਰ ਦੀਆਂ ਸੇਵਾਵਾਂ ਦੀ ਸੰਪੂਰਨ ਲੜੀ ਪੇਸ਼ ਕਰਦਾ ਹੈ। ਇਹ ਤਬਦੀਲੀ ਸੂਬੇ ਭਰ ਵਿਚ ਵਧੇਰੇ ਅਸਰਦਾਇਕ ਅਤੇ ਲਗਾਤਾਰਤਾ ਸਹਿਤ ਸਾਂਭ-ਸੰਭਾਲ ਪ੍ਰਦਾਨ ਕਰਨ ਲਈ ਸੂਬੇ ਨੂੰ ਅਸਿਸਟਡ ਲਿਵਿੰਗ ਸੇਵਾਵਾਂ 'ਤੇ ਇਕ ਸਮੱਗਰ ਸਮਾਜ ਸੇਵਾ ਦੀ ਨਜ਼ਰ ਰੱਖਣ ਦੀ ਆਗਿਆ ਦੇਵੇਗੀ। ਇਹ ਪਹੁੰਚ ਅਪਣਾਉਣ ਦੁਆਰਾ ਵਿਅਕਤੀਆਂ ਅਤੇ ਪਰਿਵਾਰਾਂ ਕੋਲ ਵਧੇਰੇ ਵਿਕਲਪ ਮੌਜੂਦ ਹੋਣਗੇ, ਜਦੋਂ ਉਨ੍ਹਾਂ ਨੂੰ ਸਾਂਭ-ਸੰਭਾਲ ਦੀ ਲੋੜ ਹੋਵੇਗੀ ਅਤੇ ਵੱਡੀ ਉਮਰ ਦੇ ਬਾਲਗਾਂ ਅਤੇ ਕਮਜ਼ੋਰ ਸਿਹਤ ਵਾਲੀ ਵੱਸੋਂ ਨੂੰ ਉਨ੍ਹਾਂ ਦੀ ਜੀਵਨ ਕੁਆਲਿਟੀ ਅਤੇ ਆਜ਼ਾਦਾਨਾਂ ਰਹਿਣ ਸਹਿਣ ਬਣਾਈ ਰੱਖਣ 'ਚ ਸਹਾਇਤਾ ਕਰਦਿਆਂ ਜਦੋਂ ਜਦੋਂ ਉਨ੍ਹਾਂ ਦੀਆਂ ਲੋੜਾਂ ਪੈਦਾ ਹੋਣਗੀਆਂ।

“ਜਦੋਂ ਕਿ ਐਲਬਰਟਾ 'ਚ ਲਗਾਤਾਰ ਜਾਰੀ ਰਹਿਣ ਵਾਲੀ ਸਾਂਭ-ਸੰਭਾਲ ਦੀਆਂ ਸੇਵਾਵਾਂ ਦੀ ਲੋੜ ਵਧਦੀ ਹੈ, ਮੈਂ ਹੈਲਥ, ਸੋਸ਼ਲ ਸਰਵਿਸਿਜ਼ ਅਤੇ ਕਾਂਟੀਨਿਊਇੰਗ ਕੇਅਰ ਪ੍ਰੋਫੈਸ਼ਨਲਾਂ ਨਾਲ ਸਿਸਟਮ 'ਚ ਪ੍ਰੀਵਰਤਨ ਲਿਆਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਨਵੀਂ ਸੂਬਾਈ ਏਜੰਸੀ, ਅਸਿਸਟਡ ਲਿਵਿੰਗ ਐਲਬਰਟਾ, ਸਾਰੇ ਐਲਬਰਟਾ ਨਿਵਾਸੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰੇ, ਕੰਮ ਕਰਨ ਲਈ ਵਚਨਬਧ ਹਾਂ। ਇਹ ਪ੍ਰੀਵਰਤਨ ਯਕੀਨੀ ਬਣਾਵੇਗਾ ਕਿ ਐਲਬਰਟਾ ਵਾਸੀਆਂ ਕੋਲ, ਜਦੋਂ ਉਹ ਬੁੱਢੇ ਹੁੰਦੇ ਹਨ ਜਾਂ ਜਦੋਂ ਉਨ੍ਹਾਂ ਨੂੰ ਵਧੇਰੇ ਸਹਾਇਤਾ ਦੀ ਲੋੜ ਹੋਵੇ, ਆਪਣੀਆਂ ਪੈਦਾ ਹੁੰਦੀਆਂ ਜ਼ਰੂਰਤਾਂ ਪੂਰੀਆਂ ਕਰਨ ਅਤੇ ਆਪਣੇ ਆਜ਼ਾਦਾਨਾਂ ਜੀਵਨ ਢੰਗ ਅਤੇ ਜੀਵਨ ਕੁਆਲਿਟੀ ਨੂੰ ਬਣਾਈ ਰੱਖਣ ਲਈ ਸਮੱਗਰ ਪ੍ਰਕਾਰ ਦੀ ਸਹਾਇਤਾ ਦੀ ਮੁਕੰਮਲ ਲੜੀ ਤੱਕ ਪਹੁੰਚ ਮੌਜੂਦ ਹੋਵੇ।”

*Jason Nixon, ਮਿਨਿਸਟਰ ਆਫ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼*

ਅਸਿਸਟਡ ਲਿਵਿੰਗ ਐਲਬਰਟਾ ਸਥਾਪਤ ਹੋਣ ਲਈ ਆਪਣੇ ਰਸਤੇ 'ਤੇ ਹੈ ਅਤੇ 1 ਅਪਰੈਲ ਤੱਕ ਇਹ ਹੋਂਦ ਵਿਚ ਆ ਜਾਵੇਗੀ, ਅਤੇ 2025 ਦੀ ਪੱਤਝੜ ਰੁੱਤ ਤੱਕ ਪੂਰੀ ਤਰ੍ਹਾਂ ਕੰਮ ਕਰ ਰਹੀ ਹੋਵੇਗੀ। ਇਹ ਨਵੀਂ ਏਜੰਸੀ ਮੈਡੀਕਲ ਅਤੇ ਗੈਰ-ਮੈਡੀਕਲ ਸਹਾਇਤਾ ਅਤੇ ਸੇਵਾਵਾਂ ਨੂੰ ਇਕਸਾਰ ਕਰੇਗੀ, ਕਾਂਟੀਨਿਊਇੰਗ ਕੇਅਰ ਸਥਾਨਾਂ ਨੂੰ ਵਧਾਵੇਗੀ, ਉਡੀਕ ਦੇ ਸਮਿਆਂ ਨੂੰ ਘਟਾਵੇਗੀ ਅਤੇ ਉਨ੍ਹਾਂ ਐਲਬਰਟਾ ਵਾਸੀਆਂ ਲਈ ਵਿਸਤ੍ਰਿਤ ਪ੍ਰਕਾਰ ਦੀ ਸਮੱਗਰ ਸਹਾਇਤਾ ਪ੍ਰਦਾਨ ਕਰੇਗੀ, ਜਿੰਨ੍ਹਾਂ ਨੂੰ ਵੱਖ ਵੱਖ ਪੱਧਰਾਂ ਅਤੇ ਵੱਖ ਵੱਖ ਪ੍ਰਕਾਰ ਦੀ ਸਾਂਭ-ਸੰਭਾਲ ਦੀ ਲੋੜ ਹੈ। ਇਸ 'ਚ ਦੋਵੇਂ ਲੌਂਗ-ਟਰਮ ਕੇਅਰ ਵਿਚਲੇ ਸੀਨੀਅਰ ਅਤੇ ਉਹ ਸੀਨੀਅਰ ਜਿਹੜੇ ਘਰ 'ਚ ਰਹਿੰਦਿਆਂ ਹੋਇਆਂ ਬੁੱਢੇ ਹੋਣਾ ਚਾਹੁੰਦੇ ਹਨ ਪਰ ਇੰਜ ਕਰਨ ਲਈ ਜਿੰਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ, ਉਹ, ਨਾਲ ਦੀ ਨਾਲ ਆਪੰਗਤਾਵਾਂ ਵਾਲੇ ਲੋਕ, ਬੇਘਰੀ ਹੰਢਾ ਰਹੇ ਵਿਅਕਤੀ ਅਤੇ ਹੋਰ ਕਮਜ਼ੋਰ ਪ੍ਰਕਾਰ ਦੇ ਐਲਬਰਟਾ ਵਾਸੀ, ਜਿੰਨ੍ਹਾਂ ਨੂੰ ਅਸਥਾਈ ਜਾਂ ਲੰਮੇਰੀ ਮਿਆਦ ਦੀ ਸਾਂਭ-ਸੰਭਾਲ ਦੀ ਜ਼ਰੂਰਤ ਹੈ, ਸਾਰੇ ਸ਼ਾਮਲ ਹਨ। ਐਲਬਰਟਾ ਹੈਲਥ ਕੇਅਰ ਸਿਸਟਮ 'ਤੇ ਰੀਫੋਕਸ ਕਰਨਾਂ ਇਹ ਯਕੀਨੀ ਬਣਾਉਂਦਾ ਹੈ ਕਿ ਸਾਰੇ ਐਲਬਰਟਾ ਨਿਵਾਸੀਆਂ ਪਾਸ ਉਨ੍ਹਾਂ ਸੇਵਾਵਾਂ ਅਤੇ ਸਹਾਇਤਾ ਤੱਕ ਪਹੁੰਚ ਹੈ, ਜਿੰਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ, ਜਦੋਂ ਵੀ ਅਤੇ ਜਿੱਥੇ ਵੀ ਉਹ ਲੋੜ ਹੋਵੇ।

*“ਸਿਹਤ ਸੰਭਾਲ ਸੇਵਾਵਾਂ 'ਚ ਸੁਧਾਰ ਲਿਆਉਣਾ ਸਾਡੀ ਸਰਕਾਰ ਦੀ ਸਿਖਰਲੀ ਤਰਜ਼ੀਹ ਹੈ। ਅਸੀਂ ਆਪਣੇ ਪ੍ਰਫੁਲਤ ਹੋ ਰਹੇ ਸੂਬੇ ਭਰ 'ਚ ਵਧਾਈਆਂ ਹੋਈਆਂ ਅਸਿਸਟਡ ਲਿਵਿੰਗ ਸੇਵਾਵਾਂ ਦੀ ਜ਼ਰੂਰੀ ਲੋੜ ਨਾਲ ਨਜਿੱਠਣ ਲਈ ਵਚਨਬਧ ਹਾਂ। ਮੈਂ ਐਲਬਰਟਾ ਵਾਸੀਆਂ ਲਈ ਵਧੇਰੇ ਵਿਕਲਪ ਅਤੇ ਉੱਚ ਕੁਆਲਿਟੀ ਦੀ ਸਾਂਭ-ਸੰਭਾਲ, ਜਿਸਦੀ ਉਨ੍ਹਾਂ ਨੂੰ ਲੋੜ ਹੈ, ਉਨ੍ਹਾਂ ਦੇ ਘਰਾਂ ਨੇੜੇ ਪ੍ਰਾਪਤ ਕਰਵਾਉਣ ਲਈ ਮਿਨਿਸਟਰੀ ਆਫ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਨਾਲ ਨੇੜੇ ਹੋ ਕੇ ਕੰਮ ਕਰਨ ਦੀ ਆਸ ਕਰਦੀ ਹਾਂ।”*

*Adriana LaGrange, ਮਿਨਿਸਟਰ ਆਫ ਹੈਲਥ*

ਐਲਬਰਟਾ ਵਾਸੀ ਜਿਹੜੇ ਮੌਜੂਦਾ ਸਮੇਂ ਸਾਂਭ-ਸੰਭਾਲ ਪ੍ਰਾਪਤ ਕਰ ਰਹੇ ਹਨ, ਅਤੇ ਉਹ ਜਿੰਨ੍ਹਾਂ ਨੂੰ ਸਾਂਭ-ਸੰਭਾਲ ਦੀ ਲੋੜ ਹੈ, ਉਨ੍ਹਾਂ ਸੇਵਾਵਾਂ ਤੱਕ ਪਹੁੰਚ ਕਰਨੀ ਜਾਰੀ ਰੱਖਣਗੇ ਜਿੰਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ। ਇਕ ਟ੍ਰਾਂਜ਼ੀਸ਼ਨ ਕਮੇਟੀ ਜਿਸ ਦੀ ਅਗਵਾਈ Dr. Sayeh Zielke, author, cardiologist and medical director of Chinook Cardiology, ਕਰਨਗੇ, ਹੈਲਥ ਕੇਅਰ, ਕਾਂਟੀਨਿਊਇੰਗ ਕੇਅਰ, ਸੋਸ਼ਲ ਸਰਵਿਸਿਜ਼ ਅਤੇ ਹੋਰ ਸਥਾਨਕ ਸੰਸਥਾਵਾਂ ਦੇ ਲੀਡਰਾਂ ਸਮੇਤ ਇਸ ਪ੍ਰੀਵਰਤਨ 'ਚ

ਸਹਾਇਤਾ ਕਰਨ ਲਈ ਮੰਤਰੀ  ਨੂੰ ਸਲਾਹ ਮਸ਼ਵਰਾ ਪ੍ਰਦਾਨ ਕਰਨਗੇ। ਕਮੇਟੀ ਮੈਂਬਰਾਂ ਨੂੰ ਕਾਂਟੀਨਿਊਇੰਗ ਕੇਅਰ ਅਤੇ ਸੋਸ਼ਲ ਸਰਵਿਸਿਜ਼ ਖੇਤਰ ਵਿਚਲੇ ਉਨ੍ਹਾਂ ਦੇ ਤਜ਼ਰਬੇ, ਵਿਭਿੰਨ ਦ੍ਰਿਸ਼ਟੀਕੋਣਾਂ, ਲੀਡਰਸ਼ਿੱਪ ਅਤੇ ਪਿੱਠਭੂਮੀ ਦੇ ਆਧਾਰ 'ਤੇ ਚੁਣਿਆ ਗਿਆ ਸੀ। ਇਕ ਸਾਵੇਂ ਪੱਧਰੇ ਅਤੇ ਸਹਿਜ, ਨਿਰਵਿਘਨ ਪ੍ਰੀਵਰਤਨ ਨੂੰ ਯਕੀਨੀ ਬਣਾਉਣ ਲਈ ਕਮੇਟੀ ਦਾ ਕੰਮ ਜ਼ਰੂਰੀ ਹੋਵੇਗਾ।

ਐਲਬਰਟਾ ਨਿਵਾਸੀਆਂ ਨੂੰ ਆਨਲਾਈਨ ਆਦਾਨ-ਪ੍ਰਦਾਨ, ਜਿਹੜਾ  Alberta.ca/lead-the-way  'ਤੇ 30 ਜਨਵਰੀ ਤੋਂ 3 ਮਾਰਚ ਤੱਕ ਖੁੱਲ੍ਹਾ ਹੋਵੇਗਾ, ਰਾਹੀਂ ਆਪਣੀ ਫੀਡਬੈਕ ਸਾਂਝੀ ਕਰਨ, ਅਸਿਸਟਡ ਲਿਵਿੰਗ ਐਲਬਰਟਾ ਦੇ ਬਣਨ ਨੂੰ ਸਮਰਥਨ ਦੇਣ ਅਤੇ ਕਾਂਟੀਨਿਊਇੰਗ ਕੇਅਰ ਦੇ ਭਵਿੱਖ ਨੂੰ ਆਕਾਰ ਦੇਣ 'ਚ ਸਹਾਇਤਾ  ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਲਗਾਤਾਰ ਜਾਰੀ ਰਹਿਣ ਵਾਲੀ ਸਾਂਭ-ਸੰਭਾਲ/ਕਾਂਟਨਿਊਇੰਗ ਕੇਅਰ ਪ੍ਰਦਾਨ ਕਰਨ ਵਾਲਿਆਂ ਅਤੇ ਸਿਹਤ-ਸੰਭਾਲ ਤੇ ਕਾਂਟਨਿਊਇੰਗ ਕੇਅਰ ਵਰਕਰਾਂ ਕੋਲ ਵੀ ਇਕ ਮਿਥੇ ਹੋਏ ਆਦਾਨ-ਪ੍ਰਦਾਨ ਰਾਹੀਂ ਆਪਣੀ ਫੀਡਬੈਕ ਪ੍ਰਦਾਨ ਕਰਨ ਦਾ ਮੌਕਾ ਹੋਵੇਗਾ, ਜਿਹੜਾ ਉਸੇ ਹੀ ਸਮੇਂ ਖੁੱਲ੍ਹਾ ਹੋਵੇਗਾ। ਐਲਬਰਟਾ ਵਾਸੀਆਂ ਦੀ ਅੰਤਰ-ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਇਹ ਯਕੀਨੀ ਬਣਾਉਣ ਬਣਾਉਣ ਲਈ ਸਿਸਟਮ 'ਚ ਸੁਧਾਰ ਲਿਆਉਣ ਦੇ ਰਸਤੇ ਦੀ ਅਗਵਾਈ 'ਚ ਮਦਦ ਕਰਨਗੇ, ਕਿ ਇਹ ਇਹ ਐਲਬਰਟਾ ਦੀਆਂ ਅੱਜ ਦੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ।

ਐਲਬਰਟਾ ਦੀ ਸਰਕਾਰ ਹੈਲਥ ਕੇਅਰ ਸਿਸਟਮ 'ਤੇ ਰੀਫੋਕਸ ਦੇ ਆਪਣੇ ਯਤਨਾਂ 'ਚ ਮਹੱਤਵਪੂਰਨ ਪ੍ਰਕਾਰ ਦੇ ਕਦਮ ਚੁੱਕ ਰਹੀ ਹੈ। ਅਸਿਸਟਡ ਲਿਵਿੰਗ ਐਲਬਰਟਾ ਸਥਾਪਤ ਅਤੇ ਚਾਲੂ ਕੀਤੇ ਜਾਣ ਵਾਲੀ ਚੌਥੀ ਅਤੇ ਆਖਰੀ ਨਵੀਂ ਸੂਬਾਈ ਸਿਹਤ ਏਜੰਸੀ ਹੋਵੇਗੀ। ਰਿਕਵਰੀ ਐਲਬਰਟਾ ਨੇ ਅਧਿਕਾਰਤ ਤੌਰ 'ਤੇ 1 ਸਤੰਬਰ 2024 ਨੂੰ ਆਪਣਾ ਕੰਮ ਸ਼ੁਰੂ ਕੀਤਾ, ਨਾਲ ਹੀ ਪ੍ਰਾਈਮਰੀ ਕੇਅਰ ਐਲਬਰਟਾ ਉਸੇ ਰਸਤੇ 'ਤੇ ਜਾਣ ਲਈ ਤਿਆਰ ਹੈ ਅਤੇ 1 ਫਰਵਰੀ 2025 ਤੋਂ ਕੰਮ ਕਰਨਾਂ ਸ਼ੁਰੂ ਕਰ ਦੇਵੇਗੀ। ਉਸੇ ਹੀ ਤਰੀਕ 'ਤੇ ਐਕਿਊਟ ਕੇਅਰ ਐਲਬਰਟਾ ਇਕ ਕਾਨੂੰਨੀ ਹਸਤੀ ਬਣਨ ਲਈ ਤਿਆਰ ਖੜੀ ਹੈ। ਪ੍ਰਾਈਮਰੀ ਕੇਅਰ, ਐਕਿਊਟ ਕੇਅਰ, ਕਾਂਟੀਨਿਊਇੰਗ ਕੇਅਰ ਅਤੇ ਮੈਂਟਲ ਹੈਲਥ ਐਂਡ ਅਡਿਕਸ਼ਨ ਦੇ ਤਰਜ਼ੀਹੀ ਖੇਤਰਾਂ 'ਤੇ ਨਿਗਰਾਨੀ ਰੱਖਣ ਲਈ ਚਾਰ ਸੂਬਾਈ ਸਿਹਤ ਏਜੰਸੀਆਂ ਬਣਾਉਣ ਦੁਆਰਾ ਸੂਬਾ ਸਰਕਾਰ ਹਰੇਕ ਹੈਲਥ ਕੇਅਰ ਫੈਸਲੇ 'ਚ ਮਰੀਜ਼ਾਂ ਨੂੰ ਅੱਗੇ ਰੱਖ ਰਹੀ ਹੈ ਅਤੇ ਐਲਬਰਟਾ ਨਿਵਾਸੀਆਂ ਨੂੰ  ਸਹੀ ਸਾਂਭ-ਸੰਭਾਲ ਪ੍ਰਦਾਨ ਕਰਨ ਵਾਸਤੇ ਪਹਿਲੀ ਕਤਾਰ ਦੇ ਮਾਹਰਾਂ ਨੂੰ ਉਹ ਸਹਾਇਤਾ ਪ੍ਰਦਾਨ ਕਰ ਰਹੀ ਹੈ, ਜਿਸ ਦੀ ਉਨ੍ਹਾਂ ਨੂੰ ਲੋੜ ਹੈ।

## ਟ੍ਰਾਂਜ਼ੀਸ਼ਨ ਕਮੇਟੀ ਦੇ ਮੈਂਬਰ

- Dr. Sayeh Zielke, ਕਮੇਟੀ ਚੇਅਰ - ਕਾਰਡੀਆਲੋਜਿਸਟ ਐਂਡ ਮੈਡੀਕਲ ਡਾਇਰੈਕਟਰ ਆਫ ਸ਼ਿਨੁੱਕ ਕਾਰਡੀਆਲੋਜੀ
- MLA Brandon Lunty, ਡਿਪਟੀ ਚੇਅਰ - ਐੱਮ ਐੱਲ ਏ ਫਾਰ ਲੀਡੱਕ ਬਿਊਮੌਂਟ
- Dr. David Stewart, ਮੈਂਬਰ - ਫਿਜ਼ੀਸ਼ੀਅਨ, ਫੈਮਲੀ ਮੈਡੀਕਲ ਸੈਂਟਰ
- David Weyant, ਮੈਂਬਰ - ਪ੍ਰੈਜ਼ੀਡੈਂਟ ਐਂਡ ਸੀ ਈ ਓ, ਐਲਬਰਟਾ ਲਾਇਯਰਜ਼ ਇੰਡੈਂਮਨਿਟੀ ਐਸੋਸੀਏਸ਼ਨ

- Robin James, ਮੈਂਬਰ - ਚੀਫ ਐਡਮਿਨਿਸਟ੍ਰੇਟਿਵ ਆਫਿਸਰ, ਲੈੱਥਬ੍ਰਿਜ ਹਾਊਸਿੰਗ ਆਥਾਰਿਟੀ
- Feisal Keshavjee, ਮੈਂਬਰ - ਬੋਰਡ ਚੇਅਰ, ਐਲਬਰਟਾ ਕਾਂਟੀਨਿਊਇੰਗ ਕੇਅਰ ਐਸੋਸੀਏਸ਼ਨ
- Karen McDonald, ਮੈਂਬਰ - ਡਾਇਰੈਕਟਰ, ਹੈਲਦੀ ਏਜਿੰਗ ਐਲਬਰਟਾ (ਐਂਡ ਐਕਜ਼ੈਕੁਟਿਵ ਡਾਇਰੈਕਟਰ, ਸੇਜ)
- Andrea Hesse, ਮੈਂਬਰ - ਐਕਜ਼ੈਕੁਟਿਵ ਡਾਇਰੈਕਟਰ, ਐਲਬਰਟਾ ਕਾਊਂਸਲ ਫਾਰ ਡਿਸੇਬਿਲਿਟੀ ਸਰਵਿਸਿਜ਼
- Joyce Wicks, ਮੈਂਬਰ  - ਫਾਰਮਰ ਨਰਸ ਐਂਡ ਸੀਨੀਅਰਜ਼ ਐਡਵੋਕੇਟ
- Ruben Breaker, ਮੈਂਬਰ - ਕਾਊਂਸਲਰ ਸਿੱਕਸਿੱਕਾ ਫਸਟ ਨੇਸ਼ਨ
- Arlene Adamson, ਮੈਂਬਰ -  ਫਾਰਮਰ ਸੀ ਈ ਓ,  ਸਿਲਵੈਰਾ ਫਾਰ ਸੀਨੀਅਰਜ਼
- Salimah Walji-Shivji, ਮੈਂਬਰ - ਸੀ ਈ ਓ,  ਏਜਕੇਅਰ
- Irene Martin-Lindsay – ਮੈਂਬਰ - ਐਕਜ਼ੈਕੁਟਿਵ ਡਾਇਰੈਕਟਰ, ਐਲਬਰਟਾ ਸੀਨੀਅਰਜ਼ ਐਂਡ ਕਮਿਊਨਿਟੀ ਹਾਊਸਿੰਗ ਐਸੋਸੀਏਸ਼ਨ

## ਸਬੰਧਤ ਖਬਰਾਂ

- Continuing Care: Ministers LaGrange and Nixon (16, ਅਕਤੂਬਰ 2024)

## ਸਬੰਧਤ ਜਾਣਕਾਰੀ

- ਰੀਫੋਕਸਿੰਗ ਹੈਲਥ ਕੇਅਰ ਇੰਨ ਐਲਬਰਟਾ
- ਕਾਂਟੀਨਿਊਇੰਗ ਕੇਅਰ ਟਰਾਂਸਫਰਮੇਸ਼ਨ
- ਆਨਲਾਈਨ ਸਰਵੇ ਫਾਰ ਫੀਡਬੈਕ ਆਨ ਐਲਬਰਟਾ'ਜ਼  ਕਾਂਟੀਨਿਊਇੰਗ ਕੇਅਰ ਸਿਸਟਮ

## ਮਲਟੀਮੀਡੀਆ

- ਨਿਊਜ਼ ਕਾਂਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ

**Ashley M. Stevenson**

780-427-0265
ਪ੍ਰੈੱਸ ਸੈਕਰੇਟਰੀ, ਸੀਨੀਅਰ, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼

Classification: Public